ਸਾਨੂੰ ਇਸ ਟੋਲ ਫ੍ਰੀ ਨੰਬਰ ‘ਤੇ ਕਾਲ ਕਰੋ:

**1-800-511-2300**

ਜਾਂ ਇਸ ਉੱਪਰ ਜਾਓ:

**dhcs.ca.gov/OPL**

ਅੰਗਰੇਜ਼ੀ, ਸਪੈਨਿਸ਼, ਅਰਬੀ, ਅਰਮੀਨੀਅਨ, ਕੰਬੋਡੀਅਨ / ਖਮੇਰ, ਕੈਂਟੋਨੀਜ਼, ਫਾਰਸੀ, ਹਿੰਦੀ, ਹਮੋਂਗ, ਜਾਪਾਨੀ, ਕੋਰੀਅਨ, ਲਾਓਤੀਅਨ, ਮੈਂਡਰਿਨ, ਪੰਜਾਬੀ, ਰੂਸੀ, ਟੈਗਾਲੋਗ, ਥਾਈ ਅਤੇ ਵੀਅਤਨਾਮੀ (24/7 ਉਪਲਬਧ)

**ਛਾਤੀ ਅਤੇ ਗਲੇ ਦੇ ਕੈਂਸਰ ਦੀ ਜਾਂਚ ਲਈ ਇਹ ਮੁਫ਼ਤ ਟੈਸਟ ਕਰਾਉਣ ਲਈ, ਤੁਹਾਨੂੰ:**

- ਕੈਲੀਫੋਰਨੀਆ ਦਾ ਵਸਨੀਕ ਹੋਣਾ ਚਾਹੀਦਾ ਹੈ।
- ਤੁਹਾਡੀ ਢੁੱਕਵੀਂ ਉਮਰ ਹੋਣੀ ਚਾਹੀਦੀ ਹੈ।
- ਸਿਹਤ ਬੀਮਾ ਨਹੀਂ ਹੋਣਾ ਚਾਹਿਦਾ ਜਾਂ ਬਿਲਕੁਲ ਘੱਟ ਹੋਣਾ ਚਾਹੀਦਾ ਹੈ।
- ਸਹਿ-ਅਦਾਇਗੀ ਜਾਂ ਕਟੌਤੀਯੋਗ ਸਿਹਤ ਬੀਮਾ ਹੋਣਾ ਚਾਹੀਦਾ ਹੈ ਜਿਸਦਾ ਤੁਸੀਂ ਖਰਚਾ ਨਹੀਂ ਚੁੱਕ ਸਕਦੇ ਹੋ।
- ਘਰ ਦੀ ਆਮਦਨ ਘੱਟ ਹੋਣੀ ਚਾਹੀਦੀ ਹੈ।

**ਗੈਰ –ਵਤਿਕਰੇ ਬਾਰੇ ਕਥਨ**

ਕੈਲੇਫੋਰਨੀਆ ਸਿਹਤ ਦੇਖਭਾਲ ਵਿਭਾਗ ਲਾਗੂ ਸੰਘੀ ਸਿਵਲ ਹੱਕਾਂ ਬਾਰੇ ਕਾਨੂੰਨਾਂ ਦੀ ਪਾਲਣਾ ਕਰਦਾ ਹੈ ਅਤੇ ਨਸਲ, ਰੰਗ, ਰਾਸ਼ਟਰੀ ਮੂਲ, ਉਮਰ, ਅਪਾਹਜਤਾ, ਜਾਂ ਲਿੰਗ ਦੇ ਆਧਾਰ ‘ਤੇ ਕਿਸੇ ਨਾਲ ਭੇਦਭਾਵ ਨਹੀਂ ਕਰਦਾ।

**ਭਾਸ਼ਾ ਸਹਾਇਤਾ ਸੇਵਾਵਾਂ**

Si habla español, usted puede conseguir ayuda para entender este documento, hablando con su proveedor de atención primaria del programa EWC o llamando al Contratista Regional de su condado. Los teléfonos del Contratista Regional se encuentran abajo. Esta asistencia lingüística es gratis.

如果您說漢語，我們可以幫助您瞭解這份文檔。請諮詢您所在地EWC附近診所或當地負責聯絡人。當地負責人電話見下文，他們會免費提供說明服務。

PLACE LABEL HERE

Every Woman Counts

DHCS

**1-800-511-2300**
**dhcs.ca.gov/EWC**

© 2017 Department of Health Care Services. All Rights Reserved.

Punjabi 8/2017

# ਹਰ ਔਰਤ ਦਾ ਮਹੱਤਵ ਹੁੰਦਾ ਹੈ

## ਛਾਤੀ ਅਤੇ ਸਰਵੀਕਲ ਕੈਸਰ ਦੀ ਮੁਫ਼ਤ ਜਾਂਚ

## ਹਰ ਔਰਤ ਦਾ ਮਹੱਤਵ ਹੁੰਦਾ ਹੈ ਪ੍ਰੋਗਰਾਮ ਕੀ ਹੈ?

ਹਰ ਔਰਤ ਦਾ ਮਹੱਤਵ ਹੁੰਦਾ ਹੈ (Every Woman Counts) ਪ੍ਰੋਗਰਾਮ ਛਾਤੀ ਅਤੇ ਗਲੇ ਦੇ ਕੈਂਸਰ ਦੀ ਮੁਫਤ ਸਕ੍ਰੀਨਿੰਗ ਅਤੇ ਅੱਗੇ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ। ਇਸ ਵਿੱਚ ਕੈਲੀਫੋਰਨੀਆ ਵਿੱਚ ਯੋਗ ਔਰਤਾਂ ਲਈ ਛਾਤੀ ਦਾ ਕਲੀਨਿਕਲ ਪਰੀਖਣ, ਮੈਮੋਗ੍ਰਾਮ ਅਤੇ ਪੀਏਪੀ ਪਰੀਖਣ ਸ਼ਾਮਲ ਹੁੰਦਾ ਹੈ।

ਜਿਉਂ-ਜਿਉਂ ਔਰਤਾਂ ਦੀ ਉਮਰ ਵੱਧਦੀ ਹੈ, ਖ਼ਾਸ ਤੌਰ 'ਤੇ 50 ਸਾਲਾਂ ਦੀ ਉਮਰ ਵਿੱਚ, ਛਾਤੀ ਅਤੇ ਗਲੇ ਦਾ ਕੈਂਸਰ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਕਿਸੇ ਡਾਕਟਰ ਦੁਆਰਾ ਛਾਤੀ ਅਤੇ ਗਲੇ ਦੇ ਕੈਂਸਰ ਲਈ ਔਰਤਾਂ ਦੀ ਨਿਯਮਤ ਤੌਰ 'ਤੇ ਜਾਂਚ ਕੀਤੀ ਜਾਣੀ ਚਾਹੀਦੀ ਹੈ।



## ਤੁਹਾਨੂੰ ਛਾਤੀ ਦੇ ਕੈਂਸਰ ਦੀ ਜਾਂਚ ਕਿਉਂ ਕਰਾਉਣੀ ਚਾਹੀਦੀ ਹੈ?

- ਛਾਤੀ ਦਿਆਂ ਪਰੀਖਣਾਂ ਨਾਲ ਡਾਕਟਰ ਨੂੰ ਤੁਹਾਡੀ ਛਾਤੀ ਵਿੱਚ ਕੋਈ ਤਬਦੀਲੀ ਦੇਖਣ ਜਾਂ ਮਹਿਸੂਸ ਕਰਨ ਵਿੱਚ ਮਦਦ ਮਿਲਦੀ ਹੈ।
- ਮੈਮੋਗ੍ਰਾਮ ਛਾਤੀ ਦੇ ਅਜਿਹੇ ਕੈਂਸਰ ਲੱਭ ਸਕਦੇ ਹਨ ਜੋ ਤੁਹਾਡੇ ਜਾਂ ਤੁਹਾਡੇ ਡਾਕਟਰ ਦੁਆਰਾ ਮਹਿਸੂਸ ਕਰਨ ਲਈ ਬਹੁਤ ਛੋਟੇ ਹੁੰਦੇ ਹਨ।
- ਜੇਕਰ ਛਾਤੀ ਦੇ ਕੈਂਸਰ ਬਾਰੇ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ, ਤਾਂ ਇਸਦਾ ਇਲਾਜ ਕਰਨਾ ਆਸਾਨ ਹੁੰਦਾ ਹੈ।

## ਤੁਹਾਨੂੰ ਛਾਤੀ ਦੇ ਕੈਂਸਰ ਦੀ ਜਾਂਚ ਅਕਸਰ ਕਿੰਨੇ ਸਮੇਂ ਬਾਅਦ ਕਰਾਉਣੀ ਚਾਹੀਦੀ ਹੈ?

ਜੇਕਰ ਤੁਹਾਡੀ ਉਮਰ 40 ਸਾਲ ਜਾਂ ਇਸ ਤੋਂ ਵੱਧ ਹੈ ਤਾਂ ਇਸ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ ਕਿ ਤੁਹਾਨੂੰ ਛਾਤੀ ਦੇ ਕੈਂਸਰ ਦੀ ਜਾਂਚ ਕਦੋਂ ਅਤੇ ਅਕਸਰ ਕਿੰਨੇ ਸਮੇਂ ਬਾਅਦ ਕਰਾਉਣੀ ਚਾਹੀਦੀ ਹੈ।

## ਹਰ ਔਰਤ ਦਾ ਮਹੱਤਵ ਹੁੰਦਾ ਹੈਇਹ ਮੁਫਤ ਸੇਵਾਵਾਂ ਪ੍ਰਦਾਨ ਕਰਦਾ ਹੈ:

- 40 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਲਈ ਛਾਤੀ ਦੀ ਕਲੀਨਿਕਲ ਜਾਂਚ ਅਤੇ ਮੈਮੋਗ੍ਰਾਮ।
- 40 ਸਾਲ ਤੋਂ ਘੱਟ ਉਮਰ ਵਿੱਚ ਲੱਛਣਾਂ ਵਾਲੀਆਂ ਔਰਤਾਂ ਦੀ ਜਾਂਚ। ਹੇਠਾਂ ਦਿੱਤੇ ਖਤਰੇ ਦੇ ਚਿੰਨ੍ਹ ਦੇਖੋ
- 21 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਦਾ ਪੀਏਪੀ ਪਰੀਖਣ।
- 30 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਲਈ ਪੀਏਪੀ ਅਤੇ ਐਚਪੀਵੀ ਸਹਿ-ਜਾਂਚ।
- ਲੋੜ ਪੈਣ 'ਤੇ ਅੱਗੇ ਦੇ ਪਰੀਖਣ।

### ਖਤਰੇ ਦੇ ਕੁੱਝ ਚਿੰਨ੍ਹ ਅਤੇ/ਜਾਂ ਛਾਤੀ ਦੇ ਕੈਂਸਰ ਦੇ ਲੱਛਣਾਂ ਵਿਚ ਇਹ ਸ਼ਾਮਲ ਹਨ:

- ਛਾਤੀ ਜਾਂ ਕੱਛ ਵਿੱਚ ਧੱਫੜ ਜਾਂ ਜਮਾਵ ਜਾਂ ਸੋਜਸ਼;
- ਛਾਤੀ ਦੇ ਅਕਾਰ ਵਿੱਚ ਤਬਦੀਲੀ;
- ਛਾਤੀ ਜਾਂ ਨਿੱਪਲ ਦੇ ਚਮੜੀ ਦੀ ਬਣਤਰ ਅਤੇ ਰੰਗ (ਗੱਡਾ, ਸਿੰਘੁੜਣ, ਲਾਲੀ, ਜ਼ਖ਼ਮੀ ਚਮੜੀ, ਜਾਂ ਡੂੰਘਾਈ) ਵਿੱਚ ਤਬਦੀਲੀ;
- ਨਿਪਲਲ ਨੂੰ ਖਿੱਚਣਾ ਜਾਂ ਉਲਟਾ ਕਰਨਾ;
- ਨਿੱਪਲ ਡਿਸਚਾਰਜ; ਅਤੇ/ਜਾਂ
- ਛਾਤੀ ਵਿੱਚ ਦਰਦ।

ਕਿਰਪਾ ਕਰਕੇ ਧਿਆਨ ਦਿਓ ਕਿ ਚੇਤਾਵਨੀ ਦੇ ਇਹ ਸੰਕੇਤ ਅਤੇ/ਜਾਂ ਲੱਛਣ ਛਾਤੀ ਦੇ ਕੈਂਸਰ ਤੋਂ ਇਲਾਵਾ ਹੋਰ ਸਥਿਤੀਆਂ ਵਿੱਚ ਵੀ ਦਿਖਾਈ ਦੇ ਸਕਦੇ ਹਨ।

**1-800-511-2300**
**dhcs.ca.gov/OPL**

## ਤੁਹਾਨੂੰ ਗਲੇ ਦੇ ਕੈਂਸਰ ਦੀ ਜਾਂਚ ਕਿਉਂ ਕਰਾਉਣੀ ਚਾਹੀਦੀ ਹੈ?

- ਗਲੇ ਦੇ ਕੈਂਸਰ ਦੇ ਸਕ੍ਰੀਨਿੰਗ ਪਰੀਖਣ ਹਨ ਪੀਏਪੀ ਪਰੀਖਣ ਅਤੇ ਐਚਪੀਵੀ ਪਰੀਖਣ।
- ਪੀਏਪੀ ਪਰੀਖਣ ਗਲੇ ਵਿੱਚ ਸੈੱਲਾਂ ਵਿੱਚ ਬਦਲਾਅ ਖੋਜਦਾ ਹੈ ਜਿਸ ਨਾਲ ਕੈਂਸਰ ਦੀ ਸਮੱਸਿਆ ਪੈਦਾ ਹੋ ਸਕਦੀ ਹੈ।
- ਐਚਪੀਵੀ ਪਰੀਖਣ ਅਜਿਹੇ ਵਾਇਰਸ ਦੀ ਜਾਂਚ ਕਰਦਾ ਹੈ ਜਿਸ ਨਾਲ ਗਲੇ ਵਿੱਚ ਸੈੱਲਾਂ ਵਿੱਚ ਤਬਦੀਲੀ ਆ ਸਕਦੀ ਹੈ।
- ਸੈੱਲਾਂ ਵਿੱਚ ਇਹਨਾਂ ਤਬਦੀਲੀਆਂ ਦਾ ਇਲਾਜ ਕਰਨ ਨਾਲ ਗਲੇ ਦੇ ਕੈਂਸਰ ਤੋਂ ਬਚਾਅ ਹੋ ਸਕਦਾ ਹੈ।



## ਤੁਹਾਨੂੰ ਗਲੇ ਦੇ ਕੈਂਸਰ ਦੀ ਜਾਂਚ ਅਕਸਰ ਕਿੰਨੇ ਸਮੇਂ ਬਾਅਦ ਕਰਾਉਣੀ ਚਾਹੀਦੀ ਹੈ?

ਹਰ ਔਰਤ ਦਾ ਮਹੱਤਵ ਹੁੰਦਾ ਹੈਪ੍ਰੋਗਰਾਮ 21 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਮੁਫਤ ਪੀਏਪੀ ਪਰੀਖਣ ਪ੍ਰਦਾਨ ਕਰਦਾ ਹੈ ਅਤੇ ਫਿਰ ਨਤੀਜਿਆਂ ਦੇ ਸਧਾਰਨ ਹੋਣ 'ਤੇ ਹਰ ਤਿੰਨ ਸਾਲ ਬਾਅਦ ਇਹ ਪਰੀਖਣ ਕਰਦਾ ਹੈ। 30 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਐਚਪੀਵੀ ਪਰੀਖਣ ਦੇ ਨਾਲ ਪੀਏਪੀ ਪਰੀਖਣ ਦੀ ਚੋਣ ਕਰ ਸਕਦੀਆਂ ਹਨ ਜੇਕਰ ਉਹ ਸਕ੍ਰੀਨਿੰਗ ਨੂੰ 5 ਸਾਲਾਂ ਤੱਕ ਵਧਾਉਣਾ ਚਾਹੁਣ। ਜੇਕਰ ਦੋਹੇਂ ਨਤੀਜੇ ਸਧਾਰਨ ਹੁੰਦੇ ਹਨ, ਤਾਂ ਅਗਲੇ ਕੁੱਝ ਸਾਲਾਂ ਵਿੱਚ ਗਲੇ ਦਾ ਕੈਂਸਰ ਹੋਣ ਦੀ ਸੰਭਾਵਨਾ ਬਹੁਤ ਘੱਟ ਜਾਂਦੀ ਹੈ।